**ਪੇਪਰ ਨੰ-੧**

(ਹਰਿਮਤ ਮੁਕਾਬਲਾ)

ਹਰਿ ਸ਼ਬਦ ਵਿਚਾਰ ਘਰ ਮਾਟੁੰਦਾ

ਜਿਲਾ ਬੂੰਦੀ (ਰਾਜਿਸਥਾਨ)

ਪੋਹ ਸ਼ੈ: ਸੰ: ੨੯ ( ਦਸੰਬਰ ੧੯੯੩)

ਨਾਮ . . . . . . . . . . . . . . . . . . . . ਪਿੰਡ / ਸ਼ਹਿਰ . . . . . . . . . . ਉਮਰ . . . . . . . .

ਕੁਲ ਅੰਕ ੧੦੦

ਭਾਗ ਪਹਿਲਾ

ਨੋਟ : ਪਹਿਲੇ ਭਾਗ ਵਿਚ ਕਿਤੇ ਝੂਠ ਨਿਕਲਣ ਤੇ ੫੦ ਨੰ੦ ਕੱਟ ਜਾਣਗੇ ।
ਹਰ ਇਕ ਸਵਾਲ ਜ਼ਰੂਰੀ ?

( ✓ ਹਾਂ ) ( × ਨਹੀਂ ) ( ੦ ਪਤਾ ਨਹੀਂ / ਜਾਣਕਾਰੀ ਨਹੀਂ ਹੈ )

(ੳ) ੧) ਮੈਂ ਹਰ ਰੋਜ ਸੁਬਾਹ ਸਮੇਂ ਤੇ ਰਾਤ ਨੂੰ ਸੌਣ ਤੋਂ ਪਹਿਲਾਂ ਪੰਜ ਜੈਕਾਰੇ ਲਾਉਂਦਾ ਹਾਂ ?
੨) ਮੈਂ ਹਰ ਰੋਜ ਨਹੀਂ, ਜਿਸ ਦਿਨ ਯਾਦ ਆ ਜਾਵੇ ਜੈਕਾਰੇ ਲਾ ਲੈਂਦਾ ਹਾਂ ?
੩) ਮੈਂ ਪਿਆ ਪਿਆ ਹੀ ਮੂੰਹ ਵਿਚ ਜੈਕਾਰੇ ਲਾਂਦਾ ਹਾਂ ?
੪) ਮੈਂ ਬੋਲ ਕੇ ਜੈਕਾਰੇ ਲਾਉਂਦਾ ਹਾਂ ?
੫) ਮੈਂ ਘਰ ਤੋਂ ਬਾਹਰ ਸਕੂਲ / ਡਿਉਟੀ ਜਾਂ ਹੋਰ ਕੰਮ ਜਾਣ ਸਮੇਂ ਪ੍ਰਵਾਰ ਦੇ ਦੂਸਰੇ ਮੈਂਬਰਾਂ ਨੂੰ ਜੈਕਾਰਾ ਬੁਲਾ ਕੇ ਜਾਂਦਾ ਹਾਂ ?
. . . . . . . . ਟਾਟਾ ਜਾਂ ਬਾਈ ਕਰ ਕੇ ਜਾਂਦਾ ਹਾਂ ?
੬) ਸਾਡੇ ਘਰ ਰੋਟੀ ਸਬਜੀ ਤਿਆਰ ਕਰਨ ਵੇਲੇ ਪੰਜ ਜੈਕਾਰੇ ਲਾਏ ਜਾਂਦੇ ਹਨ ?
੭) ਮੈਂ ਖਾਣਾ ਖਾਣ ਵੇਲੇ ਪੰਜ ਜੈਕਾਰੇ ਲਾਉਂਦਾ ਹਾਂ ?
੮) ਸਾਡੇ ਘਰ ਇਸ ਸਭ ਦਾ ਰਿਵਾਜ ਨਹੀਂ ?

(ਅ) ੧) ਮੈਂ ਹਰ ਰੋ ਸੁਬਹ ਸ਼ਾਮ ਜਾਂ ਜਦੋਂ ਵੀ ਵਕਤ ਮਿਲੇ ਹਰਿ ਬਾਣੀ ਜ਼ਰੂਰ ਪੜ੍ਹਦਾ /ਸੁਣਦਾਂ ਹਾਂ ਕਦੇ ਕਦਾਈਂ ਹੀ ਨਾਂਗਾ ਹੁੰਦਾ ਹੈ ?
੨) ਮੈਂ ਸਿਰਫ ਸ਼ਬਦ ਫੋਟੋ ਦਾ ਪਾਠ ਹੀ ਕਰਦਾ ਹਾਂ ?
੩) ਮਹੀਨੇ ਵਿਚ ਇਕ ਅੱਧ ਵਾਰ ਹੀ ਪੜ੍ਹਦਾ ਹਾਂ ?
੪) ਸਾਡੇ ਘਰ ਪੜ੍ਹਨ ਲਈ ਗਰੰਥ ਹੀ ਨਹੀਂ ਹੈ ?
੫) ਸਾਡੇ ਘਰ ਗਰੰਥ ਤਾਂ ਹੈ ਪੜ੍ਹਨ ਲਈ ਠੀਕ ਜਗਹ ਨਹੀਂ ਬਣਦੀ ?
੬) ਅਸੀਂ ਪ੍ਰਵਾਰ ਦੇ ਮੈਂਬਰ ਅਤੇ ਨੇੜੇ ਦੇ ਹੋਰ ਗੁਰਸਿਖ ਹਫਤੇ / ੧੫ ਦਿਨ ਵਿਚ ਇਕ ਵਾਰ ਸਤਿਸੰਗ ਕਰਦੇ ਹਾਂ ?
੭) ਅਸੀਂ ਸਿਰਫ ਸੰਗਰਾਂਦ, ੧੭ ਹਾੜ ਦੇ ੨੬ ਪੋਹ ਆਦਿ ਤਿਉਹਾਰ ਹੀ ਮਨਾਉਂਦੇ ਹਾਂ, ਜਾਂ ਕਦੀ ਕਦਾਈਂ ਸਤਿਸੰਗ ਤੇ ਜਾਂਦੇ ਹਾਂ ਆਪਣੇ ਘਰ ਪ੍ਰਵਾਰ ਦੇ ਮੈਂਬਰ ਸਤਿਸੰਗ ਨਹੀਂ ਕਰਦੇ ?

੮) ਅਸੀਂ ਕਦੇ ਕਦੇ ਮਹੀਨੇ ਵਿਚ ਇਕ ਅੱਧ ਵਾਰ ਸਾਰੇ ਪ੍ਰਵਾਰ ਦੇ ਮੈਂਬਰ ਇਕੱਠੇ ਹੋ ਕੇ ਸੱਚੇ ਪਾਤਸ਼ਾਹ ਦੀਆਂ ਗੱਲਾਂ ਕਰਦੇ ਹਾਂ ?

੯) ਮੈਂ ਸੰਗਰਾਂਦ ਤੇ ਕਦੇ ਕਦਾਈਂ ਗੁਰਦੁਵਾਰੇ ਵੀ ਜਾਂਦਾ ਹਾਂ ?

(ੲ) ੧) ਸਾਡੇ ਪ੍ਰਵਾਰ (ਘਰ) ਵਿਚ ਕੋਈ ਵੀ ਚਾਹ ਨਹੀਂ ਪੀਂਦਾ ?

੨) ਸਾਡੇ ਘਰ ਦੇ ਕੁਝ ਮੈਂਬਰ ਚਾਹ ਪੀਂਦੇ ਹਨ ?

੩) ਸਾਡੇ ਘਰ ਵਿਚ ਹੁਣ ਕਦੇ ਚਾਹ ਨਹੀਂ ਬਣਦੀ ?

੪) ਸਾਡੇ ਘਰ ਬਾਹਰੋਂ ਆਏ ਰਿਸਤੇਦਾਰਾਂ ਜਾਂ ਨੌਕਰਾਂ ਲਈ ਚਾਹ ਬਣਦੀ ਹੈ, ਪਰ ਅਸੀਂ ਘਰ ਦੇ ਮੈਂਬਰ ਚਾਹ ਨਹੀਂ ਪੀਂਦੇ ?

੫) ਮੈਂ ਕਦੀ ਕਦਾਈ ਖਾਸ ਮੌਕਿਆ ਤੇ ਚਾਹ ਪੀ ਲੈਂਦਾ ਹਾਂ ?

੬) ਸਾਡੇ ਪ੍ਰਵਾਰ (ਘਰ) ਵਿਚ ਕੋਈ ਵੀ ਸ਼ਰਾਬ ਨਹੀਂ ਪੀਂਦਾ ?

੭) ਰਿਸ਼ਤੇਦਾਰ ਜੋ ਸ਼ਰਾਬ ਪੀਂਦੇ ਹਨ ਉਨ੍ਹਾਂ ਨੂੰ ਬੋਤਲ ਲਿਆ ਕੇ ਦੇਂਦੇ ਹਾਂ, ਪਰ ਖ਼ੁਦ ਨਹੀਂ ਪੀਂਦੇ ?

੮) ਕਦੀ ਕਦਾਈਂ ਕੋਈ ਖਾਸ ਮੌਕਿਆ ਤੇ ਮੈਂ ਦੂਸਰਿਆਂ ਨੂੰ ਸ਼ਰਾਬ ਪਿਲਾ ਦੇਂਦਾ ਹਾਂ, ਪਰ ਖੁਦ ਨਹੀਂ ਪੀਂਦਾ ?

(ਸ) ੧) ਮੈਂ ਬਾਣੀ ਨੂੰ ਮੱਥਾ ਟੇਕਦਾ ਹਾਂ ?

੨) ਮੈਂ ਸਿੰਘਾਸਣ (ਫੋਟੋ ਵਾਲਾ) ਨੂੰ ਮੱਥਾ ਟੇਕਦਾ ਹਾਂ ?

੩) ਮੈਂ ਬਾਣੀ ਤੇ ਸਿੰਘਾਸਣ ਦੋਵਾਂ ਨੂੰ ਹੀ ਮੱਥਾ ਟੇਕਣਾ ਹਾਂ ?

੪) ਮੈਂ ਕਦੀ ਕਦਾਈਂ ਗੁਰਦੁਵਾਰੇ ਵੀ ਮੱਥਾ ਟੇਕਣ ਚਲਿਆ ਜਾਂਦਾ ਹਾਂ ?

੬) ਮੈਂ ਆਪਣੇ ਵਡੇਰੇ (ਮਾਂ ਪਿਉ ਸੱਸ ਸੌਹਰਾ) ਆਦਿ ਦੇ ਪੈਰੀਂ ਹੱਥ ਲਾਂਦਾ ਹਾਂ ?

੭) ਮੇਰਾ ਕਿਸੇ ਦੇ ਪੈਰੀਂ ਹੱਥ ਲਾਉਣ ਨੂੰ ਦਿਲ ਨਹੀਂ ਕਰਦਾ ਪਰ ਘਰ ਵਾਲੇ ਮਜ਼ਬੂਰ ਕਰਦੇ ਹਨ ?

੮) ਮੈਂ ਕਿਸੇ (ਸਿੰਘਾਸਣ, ਬਾਣੀ, ਗੁਰਦੁਵਾਰੇ, ਮੰਦਰ ਵੱਡੇ ਵਡੇਰੇ ਆਦਿ) ਨੂੰ ਮੱਥਾ ਟੇਕਣ ਵਿਚ ਕੋਈ ਬੁਰਿਆਈ ਨਹੀਂ ਸਮਝਦਾ ?

੯) ਮੈਂ ਸਤਿਗੁਰਾਂ ਦਾ ਹੁਕਮ "ਬਿਨਾਂ ਪੁਰਖ ਅਕਾਲ ਦੇ ਸੀਸ ਨਾ ਕਿਸੇ ਨਿਵਾਈਆ ?" ਨੂੰ ਮੰਨਦਾ ਹਾਂ, ਕਿਸੇ ਨੂੰ ਮੱਥਾ ਨਹੀਂ ਟੇਕਦਾ ?

## ਭਾਗ ਦੂਜਾ

(ੳ) ੧) ਮਹਾਰਾਜ ਸ਼ੇਰ ਸਿੰਘ, ਮਹਾਰਾਜ ਪੂਰਨ ਸਿੰਘ ਦੀਆਂ ਫੋਟੋਆਂ ਹੀ ਸਤਿਗੁਰ ਦੀਆਂ ਸੱਚੀਆਂ ਤਸਵੀਰਾਂ ਮੂਰਤਾਂ ਹਨ ?

੨) ਸਤਿਗੁਰ ਦੀ ਕਿਰਪਾ ਹੀ ਉਸ ਦੀ ਸਾਚੀ ਮੂਰਤ ਹੈ, ਜਿਸ ਦਾ ਰੂਪ ਰੰਗ ਰੇਖ ਕੋਇ ਨਜ਼ਰ ਨਹੀਂ ਆਉਂਦਾ ?

੩) ਦਸ ਗੁਰੂ ਸਹਿਬਾਨਾਂ /੨੩ ਅਵਤਾਰਾਂ ਦੀਆਂ ਫੋਟੋਆਂ ਵੀ ਸਤਿਗੁਰ ਦੀ ਹੀ ਮੂਰਤ ਹਨ ?

(ਅ) ੧) ਇਨ੍ਹਾਂ ਫੋਟੋਆਂ ਨੂੰ ਦੇਖਣ ਨਾਲ ਸਤਿਗੁਰਾਂ ਦਾ ਦਰਸ ਹੋ ਜਾਂਦਾ ਹੈ ?

੨) ਇਨਾਂ ਫੋਟੋਆਂ ਵੇਖਣ ਨਾਲ ਸਤਿਗੁਰਾਂ ਦੀ ਯਾਦ ਆ ਜਾਂਦੀ ਹੈ ?

੩) "ਸਾਚਾ ਦਰਸ ਅਕਸ ਬਿਨਾਂ ਨਹੀਂ ਕੋਈ ਹੋਰ, ਦੂਜਾ ਨਜ਼ਰ ਕੋਇ ਨਾ ਆਈਆ ?" ਕੀ ਇਹ ਠੀਕ ਹੈ ?

(ੲ) ੧) ਜੇਠੂਵਾਲ ਹਰਿ ਭਗਤ ਦੁਵਾਰ ਵਿਚ ਡਿਠਾ ਹੋਇਆ ਸਿੰਘਾਸਣ "ਸਚ ਸਿੰਘਾਸਣ" ਹੈ ?
੨) ਘਵਿੰਡ ਦਰਬਾਰ ਵਾਲਾ ਸਿੰਘਾਸਣ "ਸਚ ਸਿੰਘਾਸਣ" ਹੈ ?
੩) ਦਿਲੀ ਦਰਬਾਰ ਵਾਲਾ ਸਿੰਘਾਸਣ ( ਜੋ ਹੁਣ ਉਠਾ ਦਿਤਾ ਹੈ)" ਸਚ ਸਿੰਘਾਸਣ" ਹੈ ?
੪) "ਸਚ ਸਿੰਘਾਸਣ" ( ਜਿਥੇ ਪਰਮਾਤਮਾ ਨਿਰਗੁਣ ਸਰੂਪ ਬ੍ਰਾਜਮਾਨ ਹੁੰਦਾ ਹੈ) ਗੁਰਮੁਖਾਂ ਦਾ ਆਤਮ ਗ੍ਰਹਿ ਹੈ ?

(ਸ) ੧) ਸਿਰਫ ਜੋਤ ਨਿਰੰਜਣ ਹੀ ਪੂਜਣ ਯੋਗ ਹੈ ?
੨) ਗੁਰ ਅਵਤਾਰ ਪੈਗ਼ੰਬਰਾਂ ਨੂੰ ਵੀ ਪੂਜਿਆ ਜਾ ਸਕਦਾ ?
੩) ਗੁਰ ਅਵਤਾਰ ਪੈਗ਼ੰਬਰਾਂ ਦੀਆਂ ਫੋਟੋਆ ਮੂਰਤੀਆਂ ਵੀ ਪੂਜਨ ਯੋਗ ਹਨ ?

(ਹ) ੧) ਅਸੀਂ (ਸਾਰੀ ਸੰਗਤ) ਇਕੱਠੇ ਹੋ ਕੇ ਇਕ "ਸਚਾ ਸਤਿਗੁਰੂ" ਬਣਾ ਸਕਦੇ ਹਾਂ ?
੨) ਜਿਸ ਨੂੰ ਪਰਮਾਤਮਾ "ਸ਼ਬਦ" ਦੀ ਦਾਤ ਬਖਸ਼ਦਾ ਹੈ ਓਹ ਪ੍ਰਾਣੀ ਸਤਿਕਾਰ ਯੋਗ ਹੋ ਜਾਂਦਾ ਹੈ ?
੩) ਅਸੀਂ (ਸੰਗਤ) ਜਿਥੇ ਚਾਹੀਏ ਸਤਿਗੁਰ ਪ੍ਰਗਟ ਕਰ ਸਕਦੇ ਹਾਂ, ਜਾਂ ਉਸ ਨੂੰ ਕਿਸੇ ਵਿਸ਼ੇਸ ਜਗਾ ਬੈਠਣ ਲਈ ਕਹਿ ਸਕਦੇ ਹਾਂ ?
੪) "ਸ਼ਬਦ ਸਤਿਗੁਰ" ਹਰ ਇਕ ਜਗ੍ਹਾ ਹਾਜਰ ਹੈ, ਅਤੇ ਓਹ ਸਾਡੀ ਕਰਨੀ ਨੂੰ ਵੇਖਦਾ ਹੈ ?

(ਕ) ੧) ਅਸੀਂ ਜਿਥੇ ਚਾਹੀਏ ਪੰਜ ਜੈਕਾਰੇ ਲਾ ਕੇ ਅੰਮ੍ਰਿਤ ਬਣਾ ਸਕਦੇ ਹਾਂ ?
੨) ਸਿਰਫ ਸ਼ਬਦ ਸਤਿਗੁਰ ਹੀ ਅੰਮ੍ਰਿਤ ਬਣਾ ਸਕਦਾ ਹੈ ?
੩) ਸਤਿਗੁਰਾਂ ਦੇ ਸਰਗੁਣ ਸਰੂਪ ਤਿਆਗਣ ਤੋਂ ਬਾਦ ਉਨ੍ਹਾਂ ਦੁਵਾਰਾ ਬਖਸ਼ਿਆ ਨਾਮ / ਬਾਣੀ ਵੀ ਅੰਮ੍ਰਿਤ ਰਸ ਹੁੰਦੇ ਹਨ ?
੪) ਹੱਕ ਤੇ ਸੱਚ ਦੀ ਕਿਰਤ ਕਰ ਕੇ ਖਾਣਾ ਵੀ ਅੰਮ੍ਰਿਤ ਰਸ ਦੇ ਸਮਾਨ ਹੀ ਹੈ ?

(ਖ) ਜੋ ਵਿਅਕਤੀ ਆਪਣੇ ਆਪ ਨੂੰ ਸਤਿਗੁਰ ਅਖਵਾਉਂਦਾ ਹੈ, ਪਰ ਉਸ ਦੇ ਪਾਸ ਪਰਮਾਤਮਾ ਵਲੋਂ ਬਖਸ਼ੀ ਸ਼ਬਦ ਦਾਤ ਨਹੀਂ ਹੈ :
੧) ਓਹ ਕਦੇ ਨਾ ਕਦੇ ਸਤਿਗੁਰ ਬਣ ਹੀ ਜਾਂਦਾ ਹੈ ?
੨) ਉਸ ਨੂੰ ਪਰਮਾਤਮਾ ਦੇ ਦਰ ਤੇ ਜੂਨੀਆਂ ਵਿਚ ਭਟਕਣ ਦੀ ਸਜਾ ਮਿਲਦੀ ਹੈ ?
੩) ਅੱਜ ਕਲ ਇਹ ਧੰਦਾ (ਸਤਿਗੁਰੂ ਬਣਨਾ) ਕਾਫੀ ਪ੍ਰਚਲਤ ਹੈ ?

(ਗ) ਓਹ ਵਿਅਕਤੀ ਜੋ ਦੂਸਰੇ ਨੂੰ ਸਤਿਗੁਰਾਂ ਦੇ ਹੁਕਮ ਸੁਣਾਉਂਦਾ ਰਹਿੰਦਾ ਹੈ ਪਰ ਆਪ ਅਮਲ ਨਹੀਂ ਕਰਦਾ :
੧) ਸਰੀਰ ਛੱਡਣ ਤੋਂ ਬਾਦ ਸਚਖੰਡ ਜਾਂਦਾ ਹੈ ?
੨) ਓਹ ਬਹੁਤ ਅਮੀਰ ਹੋ ਜਾਂਦਾ ਹੈ ?
੩) ਸਰੀਰ ਛੱਡਣ ਤੋਂ ਬਾਦ ਉਸ ਨੂੰ ਕਾਂ ਦੀ ਜੂਨੀ ਮਿਲਦੀ ਹੈ ?

(ਘ) ਓਹ ਵਿਅਕਤੀ ਜੋ ਬਾਣੀ ਬਹੁਤ ਪੜ੍ਹਦਾ ਤੇ ਸੁਣਦਾ ਹੈ ਪਰ ਜੀਵਣ ਵਿਚ ਉਸ ਸਿਖਿਆ ਤੇ ਅਮਲ ਨਹੀਂ ਕਰਦਾ :

੧) ਓਹ ਸਰੀਰ ਛੱਡਣ ਤੋਂ ਬਾਦ ਸਚਖੰਡ ਚਲਾ ਜਾਂਦਾ ਹੈ ?
੨) ਓਹ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ ?
੩) ਉਸ ਨੂੰ ਫਿਰ ਜੂਨੀਆਂ ਵਿਚ ਆਉਣਾ ਪੈਂਦਾ ?

(ਙ) ਸਾਨੂੰ ਕੋਈ ਭੀ ਕਾਰਜ :

੧) ਮਾਤਾ ਪਿਤਾ ਭੈਣ ਭਰਾ ਜਾਂ ਦੋਸਤਾਂ ਦੀ ਸਲਾਹ ਮੁਤਾਬਕ ਕਰਨਾ ਚਾਹੀਦਾ ?
੨) ਗੁਰਸਿਖ ਵੀਰ ਭੈਣਾਂ ਦੀ ਸਲਾਹ ਮੁਤਾਬਕ ਕਰਨਾ ਚਾਹੀਦਾ ਹੈ ?
੩) ਸਤਿਗੁਰਾਂ ਦੇ ਹੁਕਮ ਮੁਤਾਬਕ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ?

(ਚ) ਹਰਿ ਸੰਗਤ ਵਿਚ :

੧) ਸਤਿਗੁਰਾਂ ਸਾਨੂੰ ਭਗਤ ਦਾ ਦਰਜਾ ਦਿਤਾ, ਅਸੀਂ ਸਾਰੇ ਬਰਾਬਰ ਹਾਂ ?
੨) ਪੰਜ ਲਿਖਾਰੀ, ਪੰਜ ਪਿਆਰੇ, ਪੰਜ ਲਾਂਗਰੀ ਆਦਿ ਦਾ ਦਰਜਾ ਵਿਸ਼ੇਸ਼ ਹੈ ?
੩) ਸਤਿਗੁਰਾਂ ਦੇ ਜਗਤ ਰਿਸਤੇਦਾਰਾਂ ਦਾ ਦਰਜਾ ਵਿਸ਼ੇਸ਼ ਹੈ ?
੪) ਉਚੀ ਜ਼ਾਤ ਵਾਲਿਆਂ ਦਾ ਦਰਜਾ ਵਿਸ਼ੇਸ਼ ਹੈ ?
੫) ਉਮਰ ਮੁਤਾਬਕ ਦਰਜਾ ਵੀ ਵੱਡਾ ਛੋਟਾ ਹੈ ?

(ਛ) ਸਤਿਗੁਰਾਂ (ਨਿਹਕਲੰਕ) ਦੇ ਆਗਮਨ ਤੇ ਉਹਨਾਂ ਦੇ ਹੁਕਮ ਦਾ ਪ੍ਰਚਾਰ ਕਰਨਾ :

੧) ਸਿਰਫ ਲਿਖਾਰੀਆਂ ਦਾ ਕੰਮ ਹੈ ?
੨) ਹਰ ਇਕ ਗੁਰਸਿਖ ਦਾ ਫਰਜ ਹੈ ?
੩) ਸੰਗਤ ਵਿਚ ਕੁਝ ਵਿਸ਼ੇਸ਼ ਗੁਰਸਿਖਾਂ ਦੀ ਜਮੇਂਵਾਰੀ ਹੈ ?

(ਜ) ਸਾਡਾ ਕੋਈ ਕੰਮ ਨਾ ਹੁੰਦਾ ਹੋਵੇ ਜਾਂ ਵਿਗੜ ਜਾਵੇ ਤਾਂ ਸਾਨੂੰ :

੧) ਸਤਿਗੁਰਾਂ ਨਾਲ ਗੁੱਸੇ ਹੋ ਜਾਣਾ ਚਾਹੀਦਾ ਹੈ ?
੨) ਜੋ ਸਤਿਗੁਰ ਕਰਦਾ ਠੀਕ ਹੀ ਕਰਦਾ, ਉਸੇ ਵਿਚ ਰਾਜੀ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ?
੩) ਆਪਣੇ ਕੀਤੇ ਕੰਮਾਂ ਨੂੰ ਵਿਚਾਰਨਾ ਚਾਹੀਦਾ, ਕਿਥੇ ਕਿਥੇ ਗਲਤੀਆਂ ਕੀਤੀਆਂ ਹਨ ?
੪) ਸਾਨੂੰ ਬਾਰ ਬਾਰ ਬੇਨੰਤੀਆਂ ਚਾਹੀਦੀਆਂ ਹਨ ?

(ਝ) ਸਤਿਗੁਰਾਂ ਨੂੰ ਓਹ ਗੁਰਸਿਖ ਜਿਆਦਾ ਪਿਆਰਾ ਹੈ :

੧) ਜਿਹੜਾ ਗਰੰਥਾਂ ਨੂੰ ਸੋਹਣਿਆਂ ਸੋਹਣਿਆਂ ਰਮਾਲਿਆਂ ਵਿਚ ਲਪੇਟ ਕੇ ਰੱਖਦਾ ਹੈ ?
੨) ਜੋ ਉਨ੍ਹਾਂ ਦੀਆਂ ਫੋਟੋਆਂ ਅੱਗੇ ਧੂਫ ਬੱਤੀ ਕਰ ਕੇ ਮੱਥਾ ਟੇਕਦਾ ਹੈ ?
੩) ਜੋ ਉਨ੍ਹਾਂ ਦੇ ਹੁਕਮ ਮੰਨ ਕੇ ਸੇਵਾ ਕਰਦਾ ਹੈ ?
੪) ਜੋ ਸੰਗਤ ਵਿਚ ਬਹੁਤ ਬਣ ਠਣ ਕੇ ਰਹਿੰਦਾ ਹੈ ?
੫) ਜੋ ਭਾਸ਼ਨ ਬਹੁਤ ਕਰਦਾ ਹੈ ?
੬) ਜੋ ਜਿਆਰਾ ਪੈਸੇ ਭੇਟਾ ਕਰਦਾ ਹੈ ?

(ਢ) ਹਰਿ ਸੰਗਤ ਵਿਚ ਜਦੋਂ ਸੇਵਾ (ਕੋਈ ਕੰਮ) ਚਲ ਰਹੀ ਹੋਵੇ ਤਾਂ ਸਾਨੂੰ :

੧) ਲੀਡਰ ਬਣ ਕੇ ਦੂਸਰਿਆਂ ਨੂੰ ਸਮਝਾਉਣਾ ਸ਼ੁਰੂ ਕਰ ਦੇਣਾ ਚਾਹੀਦਾ ?

੨ ਜਿਤਨਾ ਹੋ ਸਕੇ ਜਿਆਦਾ ਤੋਂ ਜਿਆਦਾ ਸੇਵਾ ਵਿਚ ਹਿਸਾ ਲੈਣਾ ਚਾਹੀਦਾ ?

੩) ਕੋਈ ਬਹਾਨਾ ਬਣਾ ਕੇ ਖਿਸਕ ਜਾਣਾ ਚਾਹੀਦਾ ?

੪) ਹੋਰ ਦੂਸਰਿਆਂ ਨੂੰ ਨਾਲ ਲੈ ਕੇ ਗੱਲਾਂ ਮਾਰਨੀਆਂ ਸ਼ੁਰੂ ਕਰ ਦੇਣੀਆਂ ਚਾਹੀਦੀਆਂ ਹਨ ?

(ਤ) ੧) ਸਾਨੂੰ ਲੰਗਰ ਦੀ ਸੇਵਾ ਵਿਚ ਜੋ ਹੋ ਸਕੇ ਸ਼ਰਧਾ ਨਾਲ ਹਿਸਾ ਪਾਉਣਾ ਚਾਹੀਦਾ ਹੈ, ਅਤੇ ਹੱਥੀ ਸੇਵਾ ਕਰਨੀ ਚਾਹੀਦੀ ਹੈ ?

੨) ਸਾਨੂੰ ਆਪਣੇ ਨਾਮ ਤੇ ਸਪੈਸ਼ਲ ਲੰਗਰ ਲੈਣਾ ਚਾਹੀਦਾ ਹੈ ?

੩) ਸਾਨੂੰ ਪੈਸੇ ਭੇਜ ਕੇ ਆਪਣੇ ਨਾਮ ਤੇ ਲੰਗਰ ਕਰਨ ਲਈ ਪ੍ਰਬੰਧਕਾਂ ਨੂੰ ਕਹਿ ਦੇਣਾ ਚਾਹੀਦਾ ਹੈ ?

(ਥ) ਲੰਗਰ ਤਿਆਰ ਕਰਦੇ ਸਮੇਂ :

੧) ਪਹਿਲਾਂ ਪੰਜ ਜੈਕਾਰੇ ਲਾਉਣੇ ਚਾਹੀਦੇ ਹਨ ?

੨) ਤਿਆਰ ਕਰਦੇ ਸਮੇਂ ਕੋਈ ਗੱਲਾਂ ਵੀ ਕਰਦੇ ਰਹੋ ?

੩) ਆਪਣੇ ਅੰਦਰੇ ਅੰਦਰ 'ਸੋਹੰ' ਦਾ ਜਾਪ ਕਰਨਾ ਚਾਹੀਦਾ ਹੈ ?

੪) ਦੂਸਰੇ ਦੇ ਕੰਮ ਵਿਚ ਨੁਕਸ ਕੱਢਣੇ ਚਾਹੀਦੇ ਹਨ ?

੫) ਲੰਗਰ ਤਿਆਰ ਕਰਦੇ ਜਾਂ ਛਕਦੇ ਸਮੇਂ ਕਿਸੇ ਵੀ ਰੰਗ ਦੇ ਕਪੜੇ ਪਹਿਨ ਸਕਦੇ ਹਾਂ ?

(ਦ) ਲੰਗਰ ਵਰਤਾਉਣ ਸਮੇਂ :

੧) ਜਿਆਦਾ ਤੋਂ ਜਿਆਦਾ ਵਰਤਾਉਣਾ ਚਾਹੀਦਾ ?

੨) ਨਿਮਰਤਾ ਨਾਲ ਜਰੂਰਤ ਮੁਤਾਬਕ ਵਰਤਾਉਣਾ ਚਾਹੀਦਾ ?

੩) ਵਰਤਾਉਂਦੇ ਸਮੇਂ ਅੰਦਰੇ ਅੰਦਰ 'ਸੋਹੰ' ਦਾ ਜਾਪ ਕਰਨਾ ਚਾਹੀਦਾ ?

(ਧ) ਲੰਗਰ ਛਕਣ ਵੇਲੇ :

੧) ਲੰਗਰ ਪੰਗਤ ਵਿਚ ਬਹਿ ਕੇ ਛਕਣਾ ਚਾਹੀਦਾ ਹੈ ?

੨) ਕੁਝ-ਕ ਖਾਸ ਗੁਰਸਿਖਾਂ ਨੂੰ ਕੁਰਸੀ ਆਦਿ ਤੇ ਅਲੱਗ ਬੈਠ ਕੇ ਛਕਣ ਛਕਾਣ ਦੀ ਵੀ ਇਜਾਜਤ ਹੈ ?

੩) ਵਧੀਆਂ ਚੀਜਾਂ ( ਬਰਫੀ ਆਦਿ) ਖਾਣ ਤੋਂ ਬਾਅਦ ਕੁਝ ਜੇਬਾਂ ਵਿਚ ਵੀ ਪਾ ਲੈਣੀਆਂ ਚਾਹੀਦੀਆਂ ਹਨ ?

੪) ਜਿਆਦਾ ਭੁੱਖ ਲੱਗੀ ਹੋਵੇ ਤਾਂ ਬਗੈਰ ਜੈਕਾਰੇ ਲਾਏ ਵੀ ਖਾ ਸਕਦੇ ਹਾਂ ?

੫) ਖਾਣ ਵੇਲੇ ਕੁਝ ਨਖਰੇ ਵੀ ਕਰਨੇ ਚਾਹੀਦੇ ਹਨ ?

੬) ਬਰਤਨ ਸਾਫ ਕਰਨ ਲਈ ਕੁਝ ਗੁਰਸਿਖਾਂ ਦੀ ਡਿਉਟੀ ਲਾ ਦੇਣੀ ਚਾਹੀਦੀ ਹੈ ?

੭) ਆਪਣੇ ਜੂਠੇ ਬਰਤਨ ਰੱਖ ਕੇ ਖਿਸਕ ਜਾਣਾ ਚਾਹੀਦਾ ਹੈ ?

੮ ਆਪਣੇ ਬਰਤਣ ਖੁਦ ਸਾਫ ਕਰਨੇ ਚਾਹੀਦੇ ਹਨ ?

੯) ਆਪ ਛਕ ਕੇ ਘਰ ਦੇ ਦੂਸਰੇ ਮੈਬਰਾਂ ਲਈ ਡੱਬਿਆਂ ਵਿਚ ਪਾ ਕੇ ਘਰਾਂ ਨੂੰ ਚਲੇ ਜਾਣਾ ਚਾਹੀਦਾ ?

(ਨ) ਪ੍ਰਸ਼ਾਦਿ

੧) ਜੋ ਵੀ ਪ੍ਰਸ਼ਾਦ ਦੇ ਰੂਪ ਵਿਚ ਮਿਲੇ ਉਸ ਨੂੰ ਸਤਿਗੁਰਾਂ ਦੀ ਮਿਹਰ ਸਮਝ ਕੇ ਛਕ ਲੈਣਾ ਚਾਹੀਦਾ ?

੨) ਵਰਤਾਉਣ ਵਾਲੇ ਨੂੰ ਕੁਝ ਚੋਣਵੀਆਂ ਵਸਤੂਆਂ ਦਾ ਪ੍ਰਸ਼ਾਦ ਦੇਣ ਲਈ ਕਹਿਣਾ ਚਾਹੀਦਾ ਹੈ ?

੩) ਪ੍ਰਸ਼ਾਦ ਜਿਆਦਾ ਤੋਂ ਜਿਆਦਾ ਲੈਣਾ ਚਾਹੀਦਾ ਹੈ, ਚਾਹੇ ਨਾ ਖਾ ਹੋਵੇ ਘਰ ਪਹੁੰਚ ਕੇ ਨਾਸਤੇ ਦਾ ਕੰਮ ਸਰ ਜਾਂਦਾ ਹੈ ?

੪) ਘਰ ਦੇ ਦੂਸਰੇ ਮੈਂਬਰ ਜੋ ਹਾਰਜ ਨਹੀਂ ਹਨ, ਉਨ੍ਹਾਂ ਦਾ ਪ੍ਰਸ਼ਾਦ ਵੀ ਲੈ ਲੈਣਾ ਚਾਹੀਦਾ ਹੈ ?

(ਪ) ਸਤਿਸੰਗ ਲਈ :

੧) ਬਾਣੀ ਦਾ ਪ੍ਰਕਾਸ਼ ਜ਼ਰੂਰੀ ਹੈ ?

੨) ਸਿੰਘਾਸਣ ਬਹੁਤ ਜਰੂਰੀ ਹੈ ?

੩) ਬਹੁਤ ਸਾਰੇ ਗੁਰਸਿਖਾਂ ਦਾ ਇਕੱਠ ਜਰੂਰੀ ਹੈ ?

੪) ਘੱਟ ਤੋਂ ਘੱਟ ਪੰਜ ਗੁਰਸਿਖ ਜਰੂਰੀ ਹਨ ?

੫) ਇਕੱਲਾ ਗੁਰਸਿਖ ਵੀ ਸਤਿਸੰਗ ਕਰ ਸਕਦਾ ਹੈ ?

੬) "ਸਤਿ" (ਸਤਿਗੁਰਾਂ ਦੇ ਹੁਕਮ) ਨੂੰ ਆਪਣੇ ਜੀਵਣ ਵਿਚ ਕਮਾਣਾ ਵੀ ਸਾਡੇ ਲਈ ਸਤਿਸੰਗ ਹੀ ਹੈ ?

(ਫ) ੧) ਸਾਨੂੰ ਵਿਆਹ ਸ਼ਾਦੀਆ ਹਰਿ ਸੰਗਤ ਵਿਚ ਸਤਿਗੁਰਾਂ ਦੇ ਹੁਕਮ ਮੁਤਾਬਕ ਕਰਨੀਆਂ ਚਾਹੀਦੀਆਂ ਹਨ ?

੨) ਲੜਕਿਆਂ ਨੂੰ ਹਰਿ ਸੰਗਤ ਤੋਂ ਬਾਹਰ ਵਿਆਉਣ ਦੀ ਸਤਿਗੁਰਾਂ ਇਜ਼ਾਜਤ ਦਿਤੀ ਹੋਈ ਹੈ ?

੩) ਭਗਤਾਂ ਦੇ ਪੰਜ ਜੈਕਾਰੇ ਲਾਉਣ ਨਾਲ ਸ਼ਾਦੀ ਦੀ ਰਸਮ ਪੂਰੀ ਹੋ ਜਾਂਦੀ ਹੈ ?

੪) ਸ਼ਾਦੀ ਦੀ ਰਸਮ ਹਰਿ ਭਗਤ ਦੁਵਾਰ ਜਾਂ ਕਿਤੇ ਵੀ ਹੋ ਸਕਦੀ ਹੈ ?

੫) ੧੮ ਹਾੜ ੨੮ ਪੋਹ ਸ਼ਾਦੀ ਲਈ ਸ਼ੁਭ ਦਿਨ ਹਨ ?

੬) ਸ਼ਾਦੀ ਦੀ ਰਸਮ ਹਰਿ ਭਗਤ ਦੁਵਾਰ ਵਿਚ ਕਰਕੇ ਬਾਕੀ ਲੈਣ ਦੇਣੇ ਪਾਰਟੀ ਆਦਿ ਬਾਅਦ ਵਿਚ ਬਾਹਰ ਕਰਨ ਦੀ ਸਤਿਗੁਰਾਂ ਇਜਾਜਤ ਦਿਤੀ ਹੋਈ ਹੈ ?

੭) ਸ਼ਾਦੀ ਤੋਂ ਪਹਿਲਾਂ ਪਾਰਟੀ ਆਦਿ ਲਈ ਸਤਿਗੁਰਾਂ ਇਜਾਜਤ ਦਿਤੀ ਹੋਈ ਹੈ ?

**ਕੋਈ ਇਕ ਸਵਾਲ, ਜਾਂ ਸੁਝਾਓ ਲਿਖੋ / ਭੇਜੋ :**